ਅੱਜ ਦੀ ਆਵਾਜ਼

# ਸਿੱਖ ਧਰਮ

8

ਮੰਗਲਵਾਰ
9, ਮਾਰਚ 2010

## ਮਸ਼ਹੂਰ ਢਾਡੀ ਜਥਿਆਂ ਵਿਚ ਇੱਕ ਨਾਂਅ

# ਬਲਵੀਰ ਸਿੰਘ ਬੀਹਲਾ ਦਾ

ਜੋਗਿੰਦਰ ਸਿੰਘ ਕਾਲੜਾ
ਵਿਸ਼ੇਸ਼ ਪ੍ਰਤੀਨਿੰਧ ਜੈਤੋ

ਢਾਡੀ ਰਾਗ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੈ, ਇਸ ਰਾਗ ਨੂੰ ਭਾਵੇਂ ਅੱਜ ਟੈਕਨਾਲੋਜੀ ਵਾਲੇ ਤੇਜ਼-ਤਰਾਰ ਯੁੱਗ ਨੇ ਅਗਾਂਹ ਵੱਧਣ 'ਚ ਵੱਡੀ ਰੁਕਾਵਟ ਖੜ੍ਹੀ ਕੀਤੀ, ਪ੍ਰੰਤੂ ਪੰਜਾਬੀ ਸੱਭਿਆਚਾਰ ਨਾਲ ਡਾਹਢਾ ਪਿਆਰ ਅਤੇ ਪੰਜਾਬੀ ਗੁਰੂ, ਪੀਰਾਂ, ਰਿਸ਼ੀ-ਮੁਨੀਆਂ, ਕਵੀਆਂ, ਸ਼ਹੀਦ ਸੂਰਬੀਰਾਂ ਦੇ ਮਹਾਨ ਇਤਿਹਾਸ ਨੂੰ ਸਦੀਵੀ ਰੂਪ 'ਚ ਜੀਵਤ ਰੱਖਣ ਵਾਲਿਆਂ ਦੀ ਥੁੜ ਨਹੀਂ ਹੈ। ਇਸ ਪ੍ਰੰਪਰਾ ਨੂੰ ਕਾਇਮ ਰੱਖਣ ਲਈ ਮਾਲਵਾ ਖੇਤਰ ਦੇ ਮਸ਼ਹੂਰ ਢਾਡੀ ਜੱਥਿਆਂ ਵਿੱਚ ਇੱਕ ਨਾਂ "ਬਲਵੀਰ ਸਿੰਘ ਬੀਹਲਾ" ਦਾ ਢਾਡੀ ਜੱਥਾ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਬਲਵੀਰ ਸਿੰਘ ਨੇ ਮਾਤਾ ਪ੍ਰੀਤਮ ਕੌਰ ਦੀ ਕੁੱਖੋਂ ਜਨਮ ਲੈ ਕੇ ਪਿਤਾ ਵਰਿਆਮ ਸਿੰਘ ਦੇ ਘਰ ਪਿੰਡ ਬੀਹਲਾ ਜ਼ਿਲ੍ਹਾ ਬਰਨਾਲਾ ਵਿਖੇ ਪਹਿਲੀ ਸਤੰਬਰ ਉਨੀ ਸੌ ਇਕਵੰਜ਼ਾ ਵਾਲੇ ਦਿਨ ਭਾਗ ਲਾਏ। ਧਾਰਮਿਕ ਪ੍ਰਵਿਰਤੀ ਦੇ ਮਾਲਕ ਮਾਤਾ-ਪਿਤਾ ਦੇ ਦਿੱਤੇ ਉਪਦੇਸ਼ ਨਾਲ ਬਲਵੀਰ ਸਿੰਘ ਮਹਾਨ ਸਖਸ਼ੀਅਤ ਸੰਤ ਬਾਬਾ ਨਰਾਇਣ ਸਿੰਘ ਜੀ ਕਲੇਰਾਂ ਵਾਲਿਆਂ ਦੇ ਸ਼ਰਧਾਲੂ ਬਣ ਗਏ, ਜਿੱਥੇ ਉਨ੍ਹਾਂ ਪੰਜਾਬੀ ਪੜ੍ਹਨ ਅਤੇ ਲਿਖਣ ਦੀ ਮੁਹਾਰਤ ਹਾਸਲ ਕੀਤੀ। ਬਲਵੀਰ ਸਿੰਘ ਬੀਹਲਾ ਨੇ ਮਹਾਨ ਕਵੀ ਪੰਡਤ ਕ੍ਰਿਸ਼ਨ ਗੋਪਾਲ ਸ਼ਰਮਾ, ਸੰਤ ਰਾਮ ਉਦਾਸੀ (ਇਨਕਲਾਬੀ ਕਵੀ) ਗਿਆਨੀ ਸੋਹਣ ਸਿੰਘ ਸੇਵਕ, ਗਿਆਨੀ ਹਰਚੰਦ ਸਿੰਘ ਜਾਂਗਪੁਰੀ, ਗਿਆਨੀ ਗੁਰਦਿਆਲ ਸਿੰਘ ਹਰੀ ਠੀਕਰੀਵਾਲਾ ਪਾਸੋਂ ਢਾਡੀ ਪ੍ਰਸੰਗ ਅਤੇ ਪੰਜਾਬੀ ਸਾਹਿਤਕ ਰਚਨਾਵਾਂ ਲਿਖਣ ਦੀਆਂ ਬਾਰੀਕੀਆਂ ਬਾਰੇ ਸਿੱਖਿਆ ਗ੍ਰਹਿਣ ਕੀਤੀ। ਬਲਵੀਰ ਸਿੰਘ ਬੀਹਲਾ ਨੂੰ ਗੁਰੂ ਸਾਹਿਬ ਦਾ ਆਖੰਡ ਪਾਠੀ ਅਤੇ ਕੀਰਤਨੀਏ ਵਜੋਂ ਮਾਣ ਹਾਸਲ ਹੈ। ਬਲਵੀਰ ਸਿੰਘ ਬੀਹਲਾ ਨੇ ਕਰੀਬ ਦੋ ਸੌ (200) ਢਾਡੀ ਤੇ ਲੋਕ ਗਥਾਵਾਂ ਦੇ ਪ੍ਰਸੰਗ ਲਿਖੇ ਅਤੇ ਪ੍ਰਚਾਰ ਕੀਤਾ। ਉਨ੍ਹਾਂ ਪੰਦਰ੍ਹਾਂ ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਤੌਰ ਢਾਡੀ ਪ੍ਰਚਾਰਕ ਵਜੋਂ ਨੌਕਰੀ ਬਾਖੂਬੀ ਨਿਭਾਈ। ਬਲਵੀਰ ਸਿੰਘ ਬੀਹਲਾ ਦੇ ਲਿਖੇ ਪ੍ਰਸੰਗ ਵੱਖ-ਵੱਖ ਢਾਡੀਆਂ ਅਤੇ ਕਲਾਕਾਰਾਂ ਨੇ ਲੱਗਭੱਗ 45 ਕੈਸਿਟਾਂ ਪੰਜਾਬੀ ਸਰੋਤਿਆਂ ਦੇ ਮਾਣ ਲਈ ਰਿਕਾਰਡ ਕਰਵਾ ਕੇ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ। ਉਨ੍ਹਾਂ ਦੇ ਮਸ਼ਹੂਰ ਪ੍ਰਸੰਗ ਸ੍ਰ. ਬੋਤਾ ਸਿੰਘ ਗਰਜਾ ਸਿੰਘ ਦੀ ਸ਼ਹੀਦੀ, ਸ੍ਰ. ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ ਜੀ ਨਿਹੰਗ, ਮਹਾਰਾਣੀ ਜਿੰਦਾ, ਸਿੱਖਾਂ ਦੇ ਸਿਰਾਂ ਦੇ ਮੁੱਲ ਸ਼ਹੀਦ ਕਰਤਾਰ ਸਿੰਘ ਸਰਾਭਾ, ਭੱਠਾ ਸਾਹਿਬ, ਬਾਬਾ ਬੰਦਾ ਸਿੰਘ ਬਹਾਦਰ, ਅਣਖੀ ਯੋਧੇ, ਅਣਖੀ ਪਰਵਾਨਾਂ, ਝੁਲਾਤਾ ਝੰਡਾ ਕੇਸਰੀ, ਸ਼ਹੀਦ ਸੁਬੇਗ ਸਿੰਘ ਸ਼ਾਹਬਾਜ ਸਿੰਘ, ਲਿਖੀਆਂ ਕਰਤਾਰ ਦੀਆਂ ਤੈ ਕੀ ਦਰਦ ਨਾ ਆਇਆ, ਦਾਤਾ ਦੇ ਰੰਗ ਨਿਆਰੇ ਅਤੇ ਸਾਕਾ ਹਰਿਮੰਦਰ ਸਾਹਿਬ ਮਾਲਵੇ ਦੇ ਮਸ਼ਹੂਰ ਢਾਡੀ ਗੁਰਬਖਸ਼ ਸਿੰਘ ਅਲਬੇਲਾ, ਭਾਨ ਸਿੰਘ ਭੌਰਾ ਲੌਂਗੋਵਾਲ, ਪਿਆਰਾ ਸਿੰਘ ਪ੍ਰੇਮੀ, ਨਾਭੇ ਪਟਿਆਲੇ, ਤਰਨ-ਤਾਰਨ ਵਾਲੀਆਂ ਬੀਬੀਆਂ, ਮਹਿੰਦਰ ਸਿੰਘ ਸਿਬੀਆਂ, ਖੜਕਾ ਬਾਦਲ ਗੁਰਮਾਵਾਲੇ ਅਕਾਸ਼ਦੀਪ ਮਨਜੀਤ ਖੁਸ਼ਹਾਲ ਅਤੇ ਤਿਰਲੋਚਨ ਸਿੰਘ ਭਮੱਦੀ ਵੱਲੋਂ ਰਿਕਾਰਡ ਕਰਵਾਏ ਗਏ ਹਨ, ਜਿਨ੍ਹਾਂ ਨੂੰ ਸੁਣ ਕੇ ਦਰਸ਼ਕਾਂ ਦੇ ਡੌਲੇ ਫਰਕਦੇ ਅਤੇ ਮਨਾਂ ਅੰਦਰ ਦੇਸ਼ ਪਿਆਰ ਦਾ ਜ਼ਜਬਾ ਪੈਦਾ ਹੋ ਜਾਂਦਾ ਹੈ। ਬਲਵੀਰ ਸਿੰਘ ਬੀਹਲਾ ਦਾ ਢਾਡੀ ਜੱਥਾ ਬਠਿੰਡਾ ਵਿਖੇ ਢਾਡੀ ਮੁਕਾਬਲਿਆਂ 'ਚੋਂ ਪਹਿਲੇ ਸਥਾਨ, ਬੁਢਲਾਡਾ ਤੋਂ ਦੂਸਰਾ ਸਥਾਨ ਅਤੇ ਅਨੰਦਪੁਰ ਸਾਹਿਬ ਵਿਖੇ ਤੀਜਾ ਸਥਾਨ ਹਾਸਲ ਕਰ ਚੁੱਕਾ ਹੈ। ਸ੍ਰ. ਬਲਵੀਰ ਸਿੰਘ ਬੀਹਲਾ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਵੱਲੋਂ ਮਹਾਨ ਪ੍ਰਚਾਰਕ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰਬਾਣੀ ਦੇ ਪਾਠ ਬਦਲੇ ਅਤੇ ਪ੍ਰੋ. ਮੋਹਨ ਸਿੰਘ ਦੇ ਮੇਲੇ 'ਤੇ ਉਹ ਸਨਮਾਨਿਤ ਹੋ ਚੁੱਕੇ ਹਨ। ਬਲਵੀਰ ਸਿੰਘ ਬੀਹਲਾ ਪਤਨੀ ਇੰਦਰਜੀਤ ਕੌਰ, ਪੁੱਤਰ ਗਗਨਜੋਤ, ਕਿਸਮਤ ਸਿੰਘ ਪੁੱਤਰੀ ਅਮਨਦੀਪ ਕੌਰ ਨੂੰਹਾਂ ਕੋਮਲਪ੍ਰੀਤ ਕੌਰ ਅਤੇ ਰਾਜ ਕੌਰ ਪਾਸੋਂ ਮਿਲਦੇ ਪੂਰਨ ਸਹਿਯੋਗ ਸਦਕਾ ਸਾਰੰਗੀ ਮਾਸਟਰ ਅਵਤਾਰ ਸਿੰਘ ਗਿੱਲ, ਪ੍ਰਸ਼ੋਤਮ ਰਵੀਆਂ ਅਤੇ ਰਛਪਾਲ ਸਿੰਘ ਚੜਿੱਕ ਸਮੇਤ ਸਾਥੀ ਕਲਾਕਾਰਾਂ ਨਾਲ ਬਲਵੀਰ ਸਿੰਘ ਬੀਹਲਾ ਦਾ ਢਾਡੀ ਜੱਥਾ ਮਹਾਨ ਢਾਡੀ ਜੱਥਿਆਂ 'ਚ ਆਪਣਾ ਨਾਂ ਬਣ ਚੁੱਕਾ ਹੈ।



ਢਾਡੀ ਜਥਾ ਬਲਵੀਰ ਸਿੰਘ ਬੀਹਲਾ ਅਤੇ ਉਨ੍ਹਾਂ ਦੇ ਸਹਿਯੋਗੀ। ਫੋਟੋ: ਜੋਗਿੰਦਰ ਕਾਲੜਾ

## ਮਹਾਨ ਯੋਧੇ ਤੇ ਸੂਰਬੀਰ ਸਨ

# ਬਾਬਾ ਤੇਗਾ ਸਿੰਘ ਜੀ


ਕਰਨੈਲ ਸਿੰਘ
ਐੱਮ.ਏ. ਲੁਧਿਆਣਾ

ਪੰਜਾਬ ਰਿਸ਼ੀਆਂ-ਮੁਨੀਆਂ, ਸੰਤਾਂ ਤੇ ਪੀਰਾਂ-ਫਕੀਰਾਂ ਦੀ ਧਰਤੀ ਹੈ। ਇਸ ਦਾ ਚੱਪਾ-ਚੱਪਾ ਭਗਤੀ ਸ਼ਕਤੀ ਤੇ ਸ਼ਹੀਦ ਸਿੰਘਾਂ ਦੀਆਂ ਕੁਰਬਾਨੀਆਂ ਦੀ ਹਾਮੀ ਭਰਦਾ ਹੈ। ਇਸ ਧਰਤੀ ਦਾ ਹੀ ਇੱਕ



ਹਿੱਸਾ ਹੈ, ਮੋਗਾ ਜ਼ਿਲ੍ਹੇ ਤੋਂ 12 ਕੁ ਕਿਲੋਮੀਟਰ 'ਤੇ ਸਥਿਤ ਹੈ ਪਿੰਡ ਚੰਦ ਪੁਰਾਣਾ।

ਪਿੰਡ ਚੰਦ ਪੁਰਾਣਾ ਵਿਖੇ ਸ਼ਹੀਦ ਬਾਬਾ ਤੇਗਾ ਸਿੰਘ ਜੀ ਦਾ ਜਨਮ ਅੱਜ ਤੋਂ ਲੱਗਭੱਗ ਚਾਰ ਸੌ ਸਾਲ ਪਹਿਲਾਂ ਇੱਕ ਕਿਸਾਨ ਪਰਿਵਾਰ ਵਿੱਚ ਹੋਇਆ ਸੀ। ਬਾਬਾ ਤੇਗਾ ਸਿੰਘ ਜੀ ਸਮੇਤ ਚਾਰ ਭਰਾ ਸਨ ਤੇ ਪਰਿਵਾਰ ਵਿੱਚ ਸਭ ਤੋਂ ਛੋਟੇ ਸਨ। ਜਿਨ੍ਹਾਂ ਨੂੰ ਪਰਿਵਾਰ ਵੱਲੋਂ ਬਹੁਤ ਪਿਆਰ ਕੀਤਾ ਜਾਂਦਾ। ਬਾਬਾ ਜੀ ਦਾ ਛੋਟੀ ਉਮਰ ਵਿੱਚ ਹੀ ਗੁਰੂ ਘਰ ਨਾਲ ਬਹੁਤ ਪਿਆਰ ਸੀ। ਇਹ ਗੁਰੂ ਘਰ ਦੇ ਸਤਿਸੰਗੀ, ਸਿਮਰਨ ਅਤੇ ਭਜਨ-ਬੰਦਗੀ ਕਰਨ ਵਾਲੇ ਸਨ। ਬਾਬਾ ਜੀ ਨੇ ਜਦੋਂ ਸੁਰਤ ਸੰਭਾਲੀ ਤਾਂ ਉਹ ਆਪਣੇ ਹਮ ਉਮਰ ਬੱਚਿਆਂ ਨਾਲ ਬਚਪਨ ਦੀਆਂ ਖੇਡਾਂ ਖੇਡਦੇ। ਉਹ ਖੇਡਦੇ ਸਮੇਂ ਕਦੇ ਵੀ ਕਿਸੇ ਬੱਚੇ ਨਾਲ ਲੜਦੇ-ਝਗੜਦੇ ਨਹੀਂ ਸਨ। ਸਾਰਾ ਦਿਨ ਬੱਚਿਆਂ ਨਾਲ ਖੇਡੀਆਂ ਖੇਡਾਂ ਬਾਰੇ ਸ਼ਾਮ ਨੂੰ ਆਪਣੇ ਮਾਤਾ-ਪਿਤਾ ਨੂੰ ਦੱਸਦੇ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਉਨ੍ਹਾਂ ਤੋਂ ਕੋਈ ਬਾਤ (ਕਹਾਣੀ) ਸੁਣਨ ਲਈ ਜ਼ਿੱਦ ਕਰਦੇ ਤਾਂ ਕਦੇ ਪਿਤਾ ਜੀ ਅਤੇ ਕਦੇ ਮਾਤਾ ਜੀ ਕੋਈ ਬਾਤ ਸੁਣਾਉਂਦੇ ਅਤੇ ਸਿੱਖ ਧਰਮ ਦੀਆਂ ਗੱਲਾਂ ਵੀ ਬੱਚਿਆਂ ਨਾਲ ਕਰਦੇ। ਬਾਬਾ ਤੇਗਾ ਸਿੰਘ ਜੀ ਜਦੋਂ ਜਵਾਨ ਹੋਏ ਤਾਂ ਉਸ ਵੇਲੇ ਹਿੰਦੁਸਤਾਨ ਤੇ ਮੁਗਲਾਂ ਦਾ ਰਾਜ ਸੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਿੰਡ ਡਰੋਲੀ ਭਾਈ ਵਿਖੇ ਨੌਜਵਾਨ ਮੁੰਡਿਆਂ ਦੇ ਝੰਡ ਬਣਾ ਕੇ ਉਨ੍ਹਾਂ ਨੂੰ ਸ਼ਸਤਰ ਵਿੱਦਿਆ ਦੇ ਨਾਲ-ਨਾਲ ਘੋੜ ਸਵਾਰੀ, ਗੁਰਬਾਣੀ ਦਾ ਪਾਠ ਤੇ ਨਿੱਤ ਨੇਮ ਕਰਨਾ ਵੀ ਸਿਖਾਉਂਦੇ ਸਨ। ਜਦੋਂ ਬਾਬਾ ਜੀ ਚੰਗੀ ਡੀਲ-ਡੌਲ ਅਤੇ ਭਰਵੇਂ ਜੁੱਸੇ ਵਾਲੇ ਨੌਜਵਾਨ ਲੱਗਣ ਲੱਗ ਪਏ ਤਾਂ ਸੂਰਬੀਰਾਂ ਵਾਲੇ ਸਾਰੇ ਗੁਣਾਂ ਨਾਲ ਸੰਪੰਨ ਹੋ ਗਏ ਤੇ ਤਲਵਾਰ ਦੇ ਧਨੀ ਅਤੇ ਚੰਗੇ ਘੋੜ ਸਵਾਰ ਵੀ ਬਣ ਗਏ। ਬਾਬਾ ਜੀ ਵਧੀਆ ਫੌਲਾਦ ਦਾ ਬਣਿਆ ਇੱਕ ਬਹੁਤ ਨਿਰੋਆ ਤੇਗਾ ਹਰ ਸਮੇਂ ਧਾਰਨ ਕਰਕੇ ਰੱਖਦੇ ਤਾਂ ਉਨ੍ਹਾਂ ਨੂੰ ਸਾਰੇ ਹਮ ਉਮਰ ਨੌਜਵਾਨ ਬਾਬਾ ਤੇਗਾ ਸਿੰਘ ਦੇ ਨਾਂ ਨਾਲ ਬੁਲਾਉਣ ਲੱਗ ਪਏ। ਜਿੱਥੇ ਉਹ ਘਰ ਦੇ ਕੰਮਾਂ ਵਿੱਚ ਆਪਣੇ ਪਰਿਵਾਰ ਦੀ ਸਹਾਇਤਾ ਕਰਦੇ, ਉੱਥੇ ਹਰ ਕਿਸੇ ਦੁਖੀ, ਲੋੜਵੰਦ ਦੀ ਸਹਾਇਤਾ ਲਈ ਵੀ ਹਰ ਸਮੇਂ ਤੱਤਪਰ ਰਹਿੰਦੇ। ਬਾਬਾ ਜੀ ਨਾਮ ਸਿਮਰਨ, ਧਾਰਮਿਕ ਰੁਚੀਆਂ ਤੇ ਸਾਊ ਸੁਭਾਅ ਦੇ ਧਾਰਨੀ ਬਣ ਗਏ। ਜਦੋਂ ਕਾਫੀ-ਕਾਫੀ ਸਮਾਂ ਇਕਾਂਤ ਵਿੱਚ ਬਤੀਤ ਕਰਨ ਲੱਗ ਪਏ ਤਾਂ ਘਰਦਿਆਂ ਨੂੰ ਚਿੰਤਾ ਹੋਣ ਲੱਗ ਪਈ। ਉਨ੍ਹਾਂ ਦੇ ਪਿਤਾ ਅਤੇ ਵੱਡੇ ਭਰਾ ਉਨ੍ਹਾਂ ਨੂੰ ਕਿਸੇ ਹੋਰ ਰੁਝੇਵੇਂ ਵਿੱਚ ਲਗਾਉਣ ਲਈ ਸੋਚਣ ਲੱਗੇ। ਉਸ ਸਮੇਂ ਇਹ ਮੁਗਲ ਰਾਜਿਆਂ ਦੇ ਰਾਜ ਦਾ ਇਲਾਕਾ ਹੁੰਦਾ ਸੀ। ਮੁਗਲ ਆਪਣੀ ਹਕੂਮਤ ਵਿੱਚ ਕਿਸੇ ਦੀ ਤਾਕਤ ਬਰਦਾਸ਼ਤ ਨਹੀਂ ਕਰਦੇ ਸਨ। ਮੁਗਲਾਂ ਦੇ ਰਾਜ ਵਿੱਚ ਇੱਜ਼ਤਾਂ ਸੁਰੱਖਿਅਤ ਨਹੀਂ ਸਨ। ਇਨ੍ਹਾਂ ਪਿੰਡਾਂ ਵਿੱਚ ਵੀ ਮੁਗਲ ਆਪਣੀ ਅਯਾਸ਼ੀ ਲਈ ਕੁੜੀਆਂ ਦੀ ਇੱਜ਼ਤ ਜ਼ਬਰਦਸਤੀ ਲੁੱਟ ਲੈਂਦੇ ਸਨ। ਕੋਈ ਵੀ ਪੁੱਛਗਿੱਛ ਨਹੀਂ ਸੀ ਕਿਉਂਕਿ ਸਰਕਾਰੇ-ਦਰਬਾਰੇ ਮੁਗਲਾਂ ਦਾ ਦਬਦਬਾ ਸੀ। ਕੋਈ ਕੁਝ ਵੀ ਕਹਿਣ ਦੀ ਹਿੰਮਤ ਨਹੀਂ ਕਰਦਾ ਸੀ। ਪਰ ਇਹ ਲੁੱਟ-ਖਸੁੱਟ ਦੇਖ ਕੇ ਬਾਬਾ ਤੇਗਾ ਸਿੰਘ ਜੀ ਸਹਾਰ ਨਾ ਸਕੇ। ਬਾਬਾ ਤੇਗਾ ਸਿੰਘ ਜੀ ਨੇ ਇਹ ਪ੍ਰਣ ਕਰ ਲਿਆ ਤੇ ਗੁਰੂ ਅੱਗੇ ਅਰਦਾਸ ਕੀਤੀ, "ਸੱਚੇ ਪਾਤਸ਼ਾਹ! ਸਾਨੂੰ ਤਾਕਤ (ਹਿੰਮਤ) ਬਖਸ਼ੋ ਤਾਂ ਕਿ ਅਸੀਂ ਵੈਰੀਆਂ (ਮੁਗਲਾਂ) ਨੂੰ ਸਬਕ ਸਿਖਾਈਏ।" ਮੁਗਲ ਬਾਦਸ਼ਾਹ ਇੱਕ ਵਾਰ ਹੱਦਬੰਦੀ ਤੇ ਨੁਕਸਾਨ ਕਰਨ ਲਈ ਪਹੁੰਚੇ ਹੀ ਸਨ। ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣੇ ਵਾਲੇ ਹੱਦਬੰਦੀ ਤੇ ਮੁਗਲਾਂ ਨੂੰ ਅੱਗੋਂ ਦੀ ਹੋ ਕੇ ਮਿਲੇ। ਬਾਬਾ ਤੇਗਾ ਸਿੰਘ ਉਨ੍ਹਾਂ ਦੇ ਸਾਥੀ ਸ੍ਰ. ਖੁਸ਼ਹਾਲ ਸਿੰਘ ਤੇ ਬਾਕੀ ਸਾਥੀਆਂ ਨੇ ਜੈਕਾਰੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਗਜਾ ਕੇ ਮੁਗਲਾਂ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਇਸ ਭਿਆਨਕ ਲੜਾਈ ਵਿੱਚ ਬਾਬਾ ਤੇਗਾ ਸਿੰਘ ਜੀ ਦੇ ਸਾਰੇ ਸਾਥੀ ਸ਼ਹੀਦੀਆਂ ਪਾ ਗਏ ਤਾਂ ਖੁਸ਼ਹਾਲ ਸਿੰਘ ਨੇ ਤੇਗਾ ਸਿੰਘ ਨੂੰ ਲਲਕਾਰਦੇ ਹੋਏ ਕਿਹਾ, ਆਪਾਂ ਸੋਧੇ ਹੋਏ ਅਰਦਾਸੇ ਦੀ ਲਾਜ ਰੱਖਣੀ ਹੈ ਅਤੇ ਫਤਿਹ ਹਰ ਹਾਲਤ ਵਿੱਚ ਸ਼ਹੀਦੀਆਂ ਪਾਉਣ ਤੋਂ ਪਹਿਲਾਂ ਹਾਸਲ ਕਰਨੀ ਹੈ। ਖੁਸ਼ਹਾਲ ਸਿੰਘ ਮੁਗਲਾਂ ਦੇ ਘੇਰੇ ਵਿੱਚ ਆ ਗਿਆ ਜੋ ਪਹਿਲਾਂ ਹੀ ਬਹੁਤ ਜ਼ਖਮੀ ਹੋ ਚੁੱਕਿਆ ਸੀ, ਪਰ ਉਸ ਨੇ ਆਖਰੀ ਦਮ ਤੱਕ ਪੂਰੇ ਜੋਸ਼ ਨਾਲ ਮੁਗਲਾਂ ਦਾ ਮੁਕਾਬਲਾ ਕੀਤਾ। ਆਖਰ ਉਹ ਤੇਗਾ ਸਿੰਘ ਦਾ ਸਾਥ ਛੱਡ ਕੇ ਸ਼ਹੀਦੀ ਪਾ ਗਿਆ। ਖੁਸ਼ਹਾਲ ਸਿੰਘ ਦੇ ਸ਼ਹੀਦ ਹੁੰਦਿਆਂ ਹੀ ਤੇਗਾ ਸਿੰਘ ਨੇ ਉੱਚੀ ਸੁਰ ਵਿੱਚ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦੇ ਜੈਕਾਰੇ ਛੱਡਦੇ ਹੋਇਆ ਪੂਰੀ ਸ਼ਕਤੀ ਨਾਲ ਤੇਗਾ ਚਲਾਉਣ ਲੱਗੇ ਤੇ ਵੈਰੀਆਂ ਦੇ ਧੜ ਧਰਤੀ 'ਤੇ ਵਿਛਾਉਣੇ ਸ਼ੁਰੂ ਕਰ ਦਿੱਤੇ। ਫੌਜਾਂ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਫੌਜਾਂ ਦੀ ਕੋਈ ਪੇਸ਼ ਨਾ ਗਈ, ਬਹੁਤ ਸਾਰੀ ਮੁਗਲ ਫੌਜ ਮਾਰੀ ਗਈ, ਬਾਕੀ ਬਚੇ ਮੁਗਲ ਫੌਜੀ ਆਪਣੀਆਂ ਜਾਨਾਂ ਬਚਾ ਕੇ ਮੈਦਾਨ ਵਿੱਚੋਂ ਭੱਜ ਨਿਕਲੇ। ਬਾਬਾ ਤੇਗਾ ਸਿੰਘ ਕਾਫੀ ਦੂਰ ਤੱਕ ਉਨ੍ਹਾਂ ਦੇ ਪਿੱਛੇ ਗਏ।

ਆਖਿਰ ਉਨ੍ਹਾਂ ਨੇ ਆਪਣੇ ਘੋੜੇ ਦੀ ਲਗਾਮ ਨੂੰ ਆਪਣੇ ਪਿੰਡ ਚੰਦ ਪੁਰਾਣੇ ਵੱਲ ਮੋੜ ਲਿਆ। ਬਾਬਾ ਤੇਗਾ ਸਿੰਘ ਜੀ ਉਸ ਲੜਾਈ ਵਿੱਚ ਸਖਤ ਜ਼ਖਮੀ ਹੋ ਚੁੱਕੇ ਸਨ ਤੇ ਸਰੀਰ ਵਿੱਚੋਂ ਖੂਨ ਜ਼ਿਆਦਾ ਵੱਗਣ ਕਰਕੇ ਨਿਢਾਲ ਹੁੰਦੇ ਜਾ ਰਹੇ ਸਨ। ਆਖਰ ਉਨ੍ਹਾਂ ਦੇ ਮੌਜੂਦਾ ਸ਼ਹੀਦੀ ਅਸਥਾਨ 'ਤੇ ਇਸ ਝਿੜੀ ਵਿੱਚ ਪਾਣੀ ਦੇ ਸੋਮੇ ਕੋਲ ਆਪਣੇ ਘੋੜੇ ਤੋਂ ਉੱਤਰ ਕੇ ਉਸ ਨੂੰ ਛੱਡ ਦਿੱਤਾ ਅਤੇ ਪਾਣੀ ਪੀਣ ਤੋਂ ਬਾਅਦ ਆਰਾਮ ਕਰਨ ਲਈ ਇੱਕ ਦਰੱਖਤ ਨਾਲ ਢੋਹ ਲਾ ਕੇ ਬੈਠ ਗਏ। ਵਾਹਿਗੁਰੂ ਵਾਹਿਗੁਰੂ ਕਰਦੇ ਹੋਏ ਉਨ੍ਹਾਂ ਮੂੰਹ ਜ਼ੁਬਾਨੀ ਯਾਦ ਜਪੁਜੀ ਸਾਹਿਬ ਬਾਣੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ ਤੇ "ਪਵਣ ਗੁਰ ਪਾਣੀ ਪਿਤਾ ਮਾਤਾ ਧਰਤਿ ਮਹਤੁ।" ਸਲੋਕ ਪੂਰਾ ਕਰਕੇ ਧਰਤੀ ਮਾਂ ਦੀ ਗੋਦ ਵਿੱਚ ਲੇਟਦੇ ਹੋਏ ਅਕਾਲ ਪੁਰਖ ਦੇ ਚਰਨਾਂ ਵਿੱਚ ਸਮਾ ਗਏ। ਬਾਬਾ ਤੇਗਾ ਸਿੰਘ ਜੀ ਦੇ ਸੱਚਖੰਡ ਪਿਆਨਾ ਕਰਨ ਤੋਂ ਬਾਅਦ ਉਨ੍ਹਾਂ ਦੇ ਘੋੜੇ ਨੇ ਉੱਚੀ-ਉੱਚੀ ਹਿਣਕਣਾ ਸ਼ੁਰੂ ਕਰ ਦਿੱਤਾ ਤਾਂ ਨੇੜੇ ਖੇਤਾਂ ਵਿੱਚੋਂ ਖੇਤੀ ਦਾ ਕੰਮ ਕਰਦੇ ਕਿਸਾਨ ਉੱਥੇ ਆਏ ਤਾਂ ਉਨ੍ਹਾਂ ਬਾਬਾ ਤੇਗਾ ਸਿੰਘ ਜੀ ਨੂੰ ਸ਼ਹੀਦ ਹੋਇਆ ਦੇਖ ਕੇ ਪਿੰਡ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਤੇ ਪਿੰਡ ਦੇ ਸਿਆਣੇ ਬਜ਼ੁਰਗ ਲੋਕਾਂ ਨੂੰ ਦੱਸਿਆ। ਪਿੰਡ ਚੰਦ ਪੁਰਾਣਾ ਦੇ ਸਿਆਣੇ ਤੇ ਬਜ਼ੁਰਗ ਲੋਕਾਂ ਨੇ ਬਾਬਾ ਤੇਗਾ ਸਿੰਘ ਜੀ ਦਾ ਇਸੇ ਹੀ ਥਾਂ ਝਿੜੀ ਵਿੱਚ ਧਾਰਮਿਕ ਰਸਮਾਂ ਨਾਲ ਅੰਤਮ ਸੰਸਕਾਰ ਕਰ ਦਿੱਤਾ। ਜਿਸ ਥਾਂ 'ਤੇ ਬਾਬਾ ਤੇਗਾ ਸਿੰਘ ਜੀ ਸ਼ਹੀਦ ਹੋਏ, ਉਸ ਥਾਂ 'ਤੇ ਉਨ੍ਹਾਂ ਦੇ ਸੇਵਕਾਂ ਨੇ ਉਨ੍ਹਾਂ ਦੀ ਯਾਦ 'ਚ ਇੱਕ ਛੋਟਾ ਜਿਹਾ ਮੱਟ ਬਣਾ ਦਿੱਤਾ। ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਪਿੰਡ ਚੰਦ ਪੁਰਾਣਾ (ਮੋਗਾ-ਬਾਘਾਪੁਰਾਣਾ ਰੋਡ) ਜ਼ਿਲ੍ਹਾ ਮੋਗਾ ਵਿਖੇ ਬਾਬਾ ਨਛੱਤਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਬਾਬਾ ਤੇਗਾ ਸਿੰਘ ਜੀ ਦਾ ਸਾਲਾਨਾ ਸ਼ਹੀਦੀ ਜੋੜ ਮੇਲਾ 14 ਮਾਰਚ (1 ਚੇਤ) ਦਿਨ ਐਤਵਾਰ ਨੂੰ ਪੂਰੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸੇ ਦਿਹਾੜੇ 101 ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਜਾਣਗੇ, ਉਪਰੰਤ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਕਥਾ ਵਾਚਕ ਤੇ ਸੰਤ ਮਹਾਂਪੁਰਸ਼ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਤੇ ਚਾਹ ਦਾ ਲੰਗਰ ਅਤੁੱਟ ਵਰਤੇਗਾ।

**ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਪਿੰਡ ਚੰਦ ਪੁਰਾਣਾ (ਮੋਗਾ-ਬਾਘਾਪੁਰਾਣਾ ਰੋਡ) ਜ਼ਿਲ੍ਹਾ ਮੋਗਾ ਵਿਖੇ ਬਾਬਾ ਨਛੱਤਰ ਸਿੰਘ ਜੀ ਦੀ ਸਰਪ੍ਰਸਤੀ ਹੇਠ ਬਾਬਾ ਤੇਗਾ ਸਿੰਘ ਜੀ ਦਾ ਸਾਲਾਨਾ ਸ਼ਹੀਦੀ ਜੋੜ ਮੇਲਾ 14 ਮਾਰਚ (1 ਚੇਤ) ਦਿਨ ਐਤਵਾਰ ਨੂੰ ਪੂਰੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸੇ ਦਿਹਾੜੇ 101 ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਜਾਣਗੇ, ਉਪਰੰਤ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ।**



ਸੰਤ ਬਾਬਾ ਨਛੱਤਰ ਸਿੰਘ ਜੀ

## 12 ਮਾਰਚ ਨੂੰ ਸਾਲਾਨਾ ਬਰਸੀ 'ਤੇ ਵਿਸ਼ੇਸ਼

# ਪਰਉਪਕਾਰੀ ਯੁੱਗ ਪੁਰਸ਼, ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲੀਏ

ਰਣਧੀਰ ਸਿੰਘ ਸੰਭਲ
(ਯੂ.ਕੇ.)

ਆਪ ਜੀ ਦਾ ਜਨਮ ਮਾਲਵੇ ਦੀ ਇਤਿਹਾਸਿਕ ਧਰਤੀ ਜ਼ਿਲ੍ਹਾ ਲੁਧਿਆਣਾ ਦੇ ਕਸਬੇ ਸਮਰਾਲਾ ਦੇ ਨਜ਼ਦੀਕ ਪਿੰਡ ਲੱਖਣਪੁਰ ਵਿਖੇ ਸ੍ਰ. ਸੁੰਦਰ ਸਿੰਘ ਜੀ ਦੇ ਘਰ ਮਾਤਾ ਇੰਦਰ ਕੌਰ ਜੀ ਦੀ ਕੁੱਖੋਂ 28 ਮਾਰਚ 1926 ਈ. ਦਿਨ ਐਤਵਾਰ ਮੁਤਾਬਿਕ 15 ਚੇਤਰ 1869 ਬਿ. ਨੂੰ ਹੋਇਆ। ਆਪ ਨੇ ਅਨੇਕਾਂ ਲੋਕਾਂ ਨੂੰ ਧਰਮ ਦਾ ਰਸਤਾ ਦਿਖਾਇਆ। ਮਨੁੱਖੀ ਵਿਕਾਸ ਲਈ ਗਿਆਨ ਦੀ ਮਹੱਤਤਾ ਨੂੰ ਦ੍ਰਿੜਾਇਆ ਤੇ ਆਪ ਨੇ ਬਹੁਤ ਸਾਰੇ ਗੁਰਦੁਆਰੇ, ਸੰਸਥਾਵਾਂ ਸਥਾਪਿਤ ਕੀਤੀਆਂ। ਦੇਸ਼ ਭਰ ਦੇ ਲੋਕਾਂ ਦੇ ਦਿਲਾਂ ਵਿੱਚ ਸੰਤ ਬਾਬਾ ਮੁਹਿੰਦਰ ਸਿੰਘ ਜੀ ਪ੍ਰਤੀ ਅਥਾਹ ਸ਼ਰਧਾ ਅਤੇ ਸਤਿਕਾਰ ਸੀ। ਆਪ ਨੇ ਸਾਰੇ ਪੰਜਾਬ, ਸਿੰਧ ਅਤੇ ਭਾਰਤ ਦੇ ਹੋਰ ਸੂਬਿਆਂ ਵਿੱਚ ਨਾਮ ਬਾਣੀ ਦਾ ਅਤੁੱਟ ਪ੍ਰਵਾਹ ਚਲਾਇਆ ਅਤੇ ਲੱਖਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਗੁਰੂ ਕਲਗੀਆਂ ਵਾਲੇ ਦੇ ਜਹਾਜ਼ ਚੜ੍ਹਾਇਆ।

ਆਪ ਜੀ ਵਿੱਚ ਜਿੱਥੇ ਦੇਵੀ ਗੁਣ, ਮਿੱਠ ਬੋਲੜੇ ਗੁਰਮੁਖਿ ਮਿਲਾਪੀ, ਕੀਰਤਨ ਦੇ ਧਨੀ ਤੇ ਸ਼ਾਂਤ ਸੁਭਾਅ ਸੀ, ਉੱਥੇ ਆਪ ਵਿੱਚ ਨਿਮਰਤਾ ਵੀ ਕੁੱਟ-ਕੁੱਟ ਕੇ ਭਰੀ ਹੋਈ ਸੀ। ਉਹ ਆਪ ਇਹੋ ਹੀ ਕਹਿੰਦੇ ਹੁੰਦੇ ਸਨ ਕਿ ਨਿਮਰਤਾ ਹੀ ਸਫਲ ਸੁਹੇਲੇ ਜੀਵਨ ਦੀ ਕੁੰਜੀ ਹੈ। ਆਪ ਜੀ ਨੇ ਕੀਰਤਨ ਰਾਹੀਂ ਗੁਰੂ ਨਾਨਕ ਮਿਸ਼ਨ ਦਾ ਚਾਨਣ ਬਿਖੇਰਿਆਂ। ਸੰਤ ਜੀ ਹਮੇਸ਼ਾਂ ਉੱਚੀ ਸੁਰ ਵਿੱਚ ਕਲਾਸੀਕਲ ਅਤੇ ਗੁਰਬਾਣੀ ਦੀਆਂ ਸਿੱਧੀਆਂ ਧਾਰਨਾ ਨਾਲ, ਕੀਰਤਨ ਕਰਿਆ ਕਰਦੇ ਸਨ। ਆਪ ਨੇ ਸਾਰੀ ਮਾਨਵਤਾ ਨੂੰ ਬਿਨਾਂ ਕਿਸੇ ਜਾਤ-ਪਾਤ ਜਾਂ ਰੂਪ ਰੰਗ ਦੇ ਵਿਤਕਰੇ ਤੋਂ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਦ੍ਰਿੜ੍ਹਾਇਆ ਅਤੇ ਨਾਮ ਜਪਾਇਆ। ਸਾਰੀ ਸੰਗਤ ਵਿੱਚ ਇਹ ਵੀ ਆਖਦੇ ਸਨ ਕਿ ਨਿਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ। ਨਿਤਨੇਮ ਸਿੱਖੀ ਦੀ ਪੂੰਜੀ ਹੈ, ਇਹੋ ਹੀ ਦੌਲਤ ਅਤੇ ਜਾਇਦਾਦ ਹੈ।

ਆਪ ਜੀ ਨੇ ਦੋਆਬੇ ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਹਰਖੋਵਾਲ ਡੇਰੇ ਵਿੱਚ ਸੇਵਾ ਸਿਮਰਨ ਜਪ ਤਪ ਦੇ ਨਾਲ ਸੰਤ ਬਾਬਾ ਜੁਆਲਾ ਸਿੰਘ ਜੀ ਦੀ ਮਹਾਨ ਅਤੇ ਅਣਥੱਕ ਸੇਵਾ ਕੀਤੀ। 28 ਕੱਤਕ 13 ਨਵੰਬਰ 1957 ਈ. ਨੂੰ ਡੇਰਾ ਡੁਮੇਲੀ ਵਿਖੇ ਸੰਤ



ਬਾਬਾ ਜਵਾਲਾ ਸਿੰਘ ਜੀ ਅਕਾਲ ਚਲਾਣਾ ਕਰ ਗਏ ਤਾਂ ਡੇਰਾ ਹਰਖੋਵਾਲ ਸੰਤਗੜ੍ਹ ਦੀ ਜ਼ੁੰਮੇਵਾਰੀ ਆਪ ਜੀ ਦੇ ਮੋਢਿਆਂ 'ਤੇ ਆ ਪਈ। ਆਪ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਡੇਰਾ ਸੰਤਗੜ੍ਹ ਹਰਖੋਵਾਲ, ਡੇਰਾ ਸੰਤਗੜ੍ਹ ਸ੍ਰੀ ਆਨੰਦਪੁਰ ਸਾਹਿਬ ਅਤੇ ਜਲੰਧਰ ਵਿੱਚ ਕਪੂਰਥਲਾ ਰੋਡ ਦੇ ਗੁਰਦੁਆਰਾ ਸੰਤਗੜ੍ਹ ਅਤੇ ਹੋਰ ਵੀ ਬਹੁਤ ਸਾਰੇ ਅਨੇਕਾਂ ਗੁਰਦੁਆਰੇ ਤੇ ਸਰੋਵਰ ਬਣਵਾਏ। ਦਰਿਆ ਸਤਲੁਜ ਦੀ 1982 ਵਿੱਚ ਆਪ ਨੇ ਉਸਾਰੀ ਕਰਵਾਈ।

ਅਖੀਰ ਸਮੇਂ ਆਪ ਜੀ ਉੱਤਰ ਪ੍ਰਦੇਸ਼ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਲਖੀਮਪੁਰ ਖੇੜੀ ਦੇ ਇੱਕ ਕਸਬੇ ਪਲੀਆ ਪੁੱਜੇ ਹੋਏ ਸਨ। ਇੱਥੇ ਆਪ ਤੱਪਦੇ ਬੱਲਦੇ ਸੰਸਾਰ ਦੇ ਜੀਵਾਂ 'ਤੇ ਨਾਮ ਬਾਣੀ ਦੇ ਛਿੱਟੇ ਪਾਉਂਦੇ ਸੂਰਜ ਕਿਰਨ ਮਿਲੇ ਜਲੁ ਕਾ ਜਲੁ ਹੂਆ ਰਾਮ ਦੇ ਮਹਾਂਵਾਕ ਅਨੁਸਾਰ 12 ਮਾਰਚ 1984 ਨੂੰ ਸਵੇਰੇ ਅੰਮ੍ਰਿਤ ਵੇਲੇ 3 ਵਜੇ ਪ੍ਰਭੂ ਚਰਨਾਂ ਵਿੱਚ ਅਭੇਦ ਹੋ ਗਏ। ਆਪ ਨੇ ਲੱਗਭੱਗ 58 ਸਾਲ ਗੁਰਮਤਿ ਪ੍ਰਚਾਰ ਦੀਆਂ ਕਿਰਨਾਂ ਦੁਆਰਾ ਸਿੱਖ ਜਗਤ ਨੂੰ ਰੁਸ਼ਨਾਇਆ। ਜਿਸ ਸਮੇਂ ਆਪ ਜੀ ਦੀ ਦੇਹ ਡੇਰਾ ਸੰਤਗੜ੍ਹ (ਜਲੰਧਰ) ਵਿਖੇ ਲਿਆਂਦੀ ਗਈ ਤਾਂ ਉਸ ਵੇਲੇ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ ਵਾਲਿਆਂ ਨੇ ਪੁੱਜ ਕੇ ਆਪ ਜੀ ਦੀ ਹਜ਼ੂਰੀ ਸ੍ਰੀ ਸੁਖਮਨੀ ਸਾਹਿਬ ਜੀ ਦਾ ਸੰਪੂਰਨ ਪਾਠ ਕੀਤਾ। ਸੰਗਤਾਂ ਵੈਰਾਗ ਵਿੱਚ ਕੋਲ ਬੈਠੀਆਂ ਸਨ ਤੇ ਦਾਸ ਲੇਖਕ ਵੀ ਉਸ ਸਮੇਂ ਹਾਜ਼ਰ ਸੀ। ਹਰੀਆਂ ਵੇਲਾਂ ਦੇ ਬਾਬਾ ਜੀ ਦਾ ਮਹਾਂਪੁਰਖਾਂ ਨਾਲ ਬਹੁਤ ਪਿਆਰ ਸੀ। ਸੰਤ ਜੀ ਹਰ ਸਮੇਂ ਨਾਮ ਸਿਮਰਨ ਵਿੱਚ ਲੀਨ ਰਹਿੰਦੇ ਸਨ। ਆਪ ਨੇ ਸਾਰੀ ਮਾਨਵਤਾ ਨੂੰ ਬਿਨਾਂ ਕਿਸੇ ਜਾਤ-ਪਾਤ ਜਾਂ ਰੂਪ ਦੇ ਵਿਤਕਰੇ ਤੋਂ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਦ੍ਰਿੜਾਇਆ ਅਤੇ ਨਾਮ ਜਪਾਇਆ। ਆਪ ਜੀ ਮਹਾਨ ਗੌਰਵ ਮਈ ਗਹਿਰ ਗੰਭੀਰ ਦੀਨ ਦੁਨੀਆਂ ਦੇ ਗੁਣਾਂ ਨਾਲ ਭਰਪੂਰ, ਵਰਤਮਾਨ ਸਮੇਂ ਦੀ ਅਦੁੱਤੀ, ਅਨੁਭਵੀ ਅਤੇ ਇਨਕਲਾਬੀ ਸਖਸ਼ੀਅਤ ਸਨ। ਆਪ ਦਾ ਜੀਵਨ ਆਉਣ ਵਾਲੀਆਂ ਸ਼ਖਸੀਅਤਾਂ ਨੂੰ ਸਦੀਵ ਕਾਲ ਲਈ, ਚਾਨਣ ਮੁਨਾਰਾ ਬਣਕੇ, ਪ੍ਰੇਰਿਤ ਅਤੇ ਉਤਸ਼ਾਹਤ ਕਰਦਾ ਰਹੇਗਾ। ਮਹਾਂਪੁਰਖਾਂ ਦੇ ਦੁਸਹਿਰੇ ਦੇ ਭੋਗ ਸਮੇਂ ਸਾਰੀਆਂ ਸਿੱਖ ਸੰਪ੍ਰਦਾਵਾਂ ਤੇ ਸੰਸਥਾਵਾਂ ਤੇ ਸਮੂਹ ਸੰਗਤਾਂ ਅਤੇ ਮਹਾਂਪੁਰਖਾਂ ਦੀ ਸਹਿਮਤੀ ਨਾਲ ਡੇਰਾ ਸੰਤ ਗੜ੍ਹ ਹਰਖੋਵਾਲ ਤੇ ਸੰਬੰਧਿਤ ਡੇਰਿਆਂ ਦੀ ਸੇਵਾ ਦੀ ਜ਼ਿੰਮੇਵਾਰੀ, ਸੰਤ ਬਾਬਾ ਦੀਦਾਰ ਸਿੰਘ ਜੀ ਨੂੰ ਸਦਾ ਵਾਸਤੇ ਸੌਂਪ ਦਿੱਤੀ, ਜਿੱਥੇ ਅੱਜ-ਕੱਲ੍ਹ ਗੁਰਦੁਆਰੇ ਅਤੇ ਸਰੋਵਰ ਉਸਾਰੇ ਜਾ ਰਹੇ ਹਨ। ਸੰਤ ਬਾਬਾ ਦੀਦਾਰ ਸਿੰਘ ਜੀ ਇੱਕ ਮਹਾਨ ਨਿਸ਼ਕਾਮ ਸੇਵਕ, ਸਚਿਆਰ ਜੀਵਨ, ਅਧਿਆਤਮਕ ਗੁਣਾਂ ਦੇ ਮੁਜੱਸਮਾਂ ਅਤੇ ਨਿਮਰਤਾ ਦੇ ਪੁੰਜ ਹਨ, ਜਿਨ੍ਹਾਂ ਦੀ ਅਗਵਾਈ ਵਿੱਚ ਹਰ ਸਾਲ ਸੰਤ ਬਾਬਾ ਮਹਿੰਦਰ ਸਿੰਘ ਜੀ ਹਰਖੋਵਾਲੀਏ ਦੀ ਪਾਵਨ ਮਿੱਠੀ ਪਿਆਰੀ ਸਾਲਾਨਾ ਯਾਦ ਡੇਰਾ ਸੰਤਗੜ੍ਹ ਕਪੂਰਥਲਾ ਰੋਡ ਜਲੰਧਰ ਵਿਖੇ 10 ਤੋਂ 12 ਮਾਰਚ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਸਮੂੰਹ ਸੰਗਤਾਂ ਦੇ ਭਰਪੂਰ ਤੇ ਨਿੱਘੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ। ਜਿੱਥੇ ਕਿ ਸਮੂਹ ਧਾਰਮਿਕ ਸੰਪ੍ਰਦਾਵਾਂ ਦੇ ਸੰਤ ਮਹਾਂਪੁਰਖ ਤੱਤ ਜੇਤੇ ਗੁਣੀ ਗਿਆਨੀ, ਪੰਥ ਪ੍ਰਸਿੱਧ ਰਾਗੀ ਢਾਡੀ ਜਥੇ, ਮਹਾਂ ਪਵਿੱਤਰ ਗੁਰਮਤਿ ਸਮਾਗਮ 'ਤੇ ਪੁੱਜ ਕੇ ਸੰਗਤਾਂ ਨੂੰ ਗੁਰੂ ਜਸ ਗੁਰਬਾਣੀ ਰਾਹੀਂ ਨਿਹਾਲ ਕਰਨਗੇ। ਤਰ੍ਹਾਂ-ਤਰ੍ਹਾਂ ਮਠਿਆਈਆਂ ਸਹਿਤ ਚਾਹ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸੰਤ ਬਾਬਾ ਦੀਦਾਰ ਸਿੰਘ ਜੀ ਦੀ ਅਗਵਾਈ ਵਿੱਚ ਹੋ ਰਹੇ ਮਹਾਨ ਪਵਿੱਤਰ, ਗੁਰਮਤਿ ਬਰਸੀ ਸਮਾਗਮਾਂ 'ਤੇ ਹੁੰਮ-ਹੁੰਮਾ ਕੇ ਪੁੱਜਣ ਲਈ, ਡੇਰੇ ਦੇ ਸਮੂਹ ਸੇਵਾਦਾਰਾਂ ਅਤੇ ਗਿਆਨੀ ਗੁਰਚਰਨ ਸਿੰਘ ਜੀ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਸੰਗਤਾਂ ਨੂੰ ਪੁਰਜ਼ੋਰ ਸ਼ਬਦਾਂ ਵਿੱਚ ਬੇਨਤੀ ਕੀਤੀ ਹੈ।

# ਗਰੀਬ ਅਤੇ ਲੋੜਵੰਦਾਂ ਦੀ ਸੇਵਾ ਹੀ ਸੱਚੀ ਭਗਤੀ-ਬਾਬਾ ਕਸ਼ਮੀਰਾ ਸਿੰਘ

## ਐੱਸ.ਜੀ.ਐੱਲ.ਚੈਰੀਟੇਬਲ ਹਸਪਤਾਲ ਗੜ੍ਹਾ ਨੇ ਲਗਾਇਆ ਮੁਫਤ ਚੈੱਕਅੱਪ ਅਤੇ ਆਪ੍ਰੇਸ਼ਨ ਕੈਂਪ



ਮੁਫਤ ਕੈਂਪ ਦਾ ਉਦਘਾਟਨ ਕਰਦੇ ਹੋਏ ਬਾਬਾ ਕਸ਼ਮੀਰਾ ਸਿੰਘ ਜੀ ਅਤੇ ਨਾਲ ਹਨ ਡਾ. ਵਿਨੇ ਗਰਗ ਅਤੇ ਸ. ਮਹਿੰਦਰ ਸਿੰਘ ਪ੍ਰਵਾਨਾ।

ਜਲੰਧਰ 8 ਮਾਰਚ (ਮਲਕੀਤ ਸਿੰਘ ਬਰਾੜ) ਬਾਬਾ ਕਸ਼ਮੀਰਾ ਸਿੰਘ ਜੀ ਵਲੋ ਚਲਾਏ ਜਾ ਰਹੇ ਐੱਸ.ਜੀ.ਐੱਲ. ਚੈਰੀਟੇਬਲ ਹਸਪਤਾਲ ਗੜ੍ਹਾ ਵਿਖੇ ਜਿੱਥੇ ਅਤੀ-ਆਧੁਨਿਕ ਸਿਹਤ ਸਹੂਲਤਾਂ ਨਾ-ਮਾਤਰ ਰੇਟਾਂ 'ਤੇ ਦਿਤੀਆਂ ਜਾ ਰਹੀਆਂ ਹਨ, ਉਥੇ ਹਰੇਕ ਮਹੀਨੇ ਦੇ ਪਹਿਲੇ ਐਤਵਾਰ ਨੂੰ ਅੱਖਾਂ ਦਾ ਮੁਫਤ ਚੈੱਕਅੱਪ, ਆਪ੍ਰੇਸ਼ਨ ਅਤੇ ਦੰਦਾਂ ਦਾ ਮੁਫਤ ਚੈੱਕਅੱਪ ਕੈਂਪ ਨਿਯਮਤ ਰੂਪ 'ਚ ਲਗਾਇਆ ਜਾਂਦਾ ਹੈ। ਇਸੇ ਲੜੀ ਤਹਿਤ ਲਗਾਏ ਗਏ 147 ਵੇਂ ਕੈਂਪ ਦਾ ਉਦਘਾਟਨ ਇਸ ਸੰਸਥਾ ਦੇ ਫਾਂਊਡਰ ਚੈਅਰਮੈਨ ਬਾਬਾ ਕਸ਼ਮੀਰਾ ਸਿੰਘ ਜੀ ਨੇ ਕੀਤਾ। ਇਸ ਸਮੇਂ ਬੋਲਦਿਆਂ ਬਾਬਾ ਜੀ ਨੇ ਕਿਹਾ ਕਿ ਗਰੀਬ ਅਤੇ ਲੋੜਵੰਦਾਂ ਦੀ ਸੇਵਾ ਹੀ ਸੱਚੀ ਭਗਤੀ ਹੈ ਕਿਉਂਕਿ ਅਜੋਕੇ ਮਹਿੰਗਾਈ ਦੇ ਸਮੇਂ 'ਚ ਵਧੀਆ ਡਾਕਟਰੀ ਸਿਹਤ ਸਹੂਲਤਾਂ ਲੈਣਾ ਗਰੀਬ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਇਸ ਮੁਫਤ ਕੈਂਪ ਦੌਰਾਨ 99 ਮਰੀਜਾਂ ਦਾ ਮੁਆਇਨਾ ਡਾਕਟਰ ਵਿਨੇ ਗਰਗ ਅਤੇ ਡਾਕਟਰ ਮਨਦੀਪ ਸਿੰਘ ਰਿਆੜ ਨੇ ਆਪਣੀਆਂ ਡਾਕਟਰੀ ਟੀਮਾਂ ਨਾਲ ਕੀਤਾ, ਜਿਨ੍ਹਾਂ 'ਚੋਂ 29 ਮਰੀਜ਼ ਅੱਖਾਂ ਦੇ ਅਪ੍ਰੇਸ਼ਨਾਂ ਲਈ ਚੁਣੇ ਗਏ। ਡਾ. ਵਿਨੇ ਗਰਗ ਨੇ ਕੈਂਪ ਦੌਰਾਨ ਆਏ ਲੋਕਾਂ ਨੂੰ ਅੱਖਾਂ ਦੀਆਂ ਬੀਮਾਰੀਆਂ ਅਤੇ ਇਲਾਜ ਸਬੰਧੀ ਜਰੂਰੀ ਨੁਕਤੇ ਦੱਸ ਕੇ ਜਾਗਰੂਕ ਕੀਤਾ। ਡਾ. ਸਹਿਬ ਨੇ ਦੱਸਿਆ ਕਿ ਅੱਖਾਂ ਦੀ ਜਾਂਚ ਸਮੇ -ਸਮੇਂ 'ਤੇ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਹਸਪਤਾਲ ਵਿੱਚ ਬਿਨਾ ਪੱਟੀ, ਬਿਨਾ ਟੀਕਾ, ਬਿਨਾ ਟਾਂਕਾ ਅਤੇ ਬਿਨਾ ਦਰਦ ਦੇ ਅੱਖਾਂ ਦੇ ਆਪ੍ਰੇਸ਼ਨ ਬਹੁਤ ਹੀ ਸਫਲਤਾ ਪੂਰਵਕ ਕੀਤੇ ਜਾਂਦੇ ਹਨ। ਮਰੀਜ ਤਰੁੰਤ ਹੀ ਖੁਲੀ ਅੱਖ ਨਾਲ ਵੇਖਦਾ ਹੋਇਆ ਰੋਜਾਨਾ ਦੇ ਕੰਮਕਾਜ ਕਰ ਸਕਦਾ ਹੈ।

# ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥


ਭਾਈ ਕਾਹਨ ਸਿੰਘ
'ਸੇਵੀ ਪੰਥੀ'

**ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥**
**ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥**
**ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥ ੩॥੫॥੨੨॥**
(ਸਿਰੀਰਾਗੁ ਮਹਲਾ ੩, ਪੰਨਾ ੬੭)

ਉਨ੍ਹਾਂ ਦੇ ਸ਼ਬਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹਨ। ਉਨ੍ਹਾਂ ਦੀ ਬਾਣੀ ਨੂੰ ਦੇਵਤੇ ਵੀ ਗਾਇਨ ਕਰਦੇ ਹਨ। ਉਨ੍ਹਾਂ ਦੀ ਬਾਣੀ ਨੂੰ ਕੋਈ ਦੁਨੀਆਂ ਦੀ ਹਸਤੀ ਝੁਠਲਾ ਨਹੀਂ ਸਕਦੀ। ਉਨ੍ਹਾਂ ਦਾ ਇੱਕ-ਇੱਕ ਬਚਨ ਪੂਰਾ ਹੈ। ਸੋ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸਮਝਾ ਰਹੇ ਹਨ ਕਿ ਹੇ ਗੁਰਸਿੱਖੋ! ਆਉ ਸੰਗਤ ਵਿੱਚ ਰਲ-ਮਿਲ ਕੇ ਗੁਰਬਾਣੀ ਦਾ ਕੀਰਤਨ ਕਰੋ, ਗੁਰੂ ਦੀ ਬਾਣੀ ਗਾਵੋ। ਇਹ ਕੈਸੀ ਬਾਣੀ ਹੈ। ਜਗਤ ਵਿੱਚ ਹੋਰ ਜਿੰਨੀਆਂ ਵੀ ਬਾਣੀਆਂ ਪ੍ਰਚਲਿਤ ਹਨ। ਸਿਮਰਤੀਆਂ, ਸ਼ਾਸਤਰ, ਵੇਦ ਬਾਣੀ ਇਨ੍ਹਾਂ ਸਾਰਿਆਂ ਤੋਂ ਸ਼੍ਰੋਮਣੀ ਬਾਣੀ ਹੈ। ਜੋ ਸਤਿਗੁਰਾਂ ਨੇ ਸਤਿਪੁਰਖ ਅਕਾਲ ਪੁਰਖ ਨਾਲ ਇੱਕ-ਮਿੱਕ ਹੋ ਕੇ ਉਚਾਰਨ ਕੀਤੀ ਹੈ। ਫਿਰ ਇਸ ਪਾਵਨ ਬਾਣੀ ਦੇ ਉਚਾਰਨ ਕਰਨ ਵਾਲਿਆਂ ਨੇ ਇਹ ਨਹੀਂ ਆਖਿਆ ਕਿ ਅਸੀਂ ਬੋਲ ਰਹੇ ਹਾਂ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜੋ ਬਾਣੀ, ਸ਼ਬਦ ਉਚਾਰਨ ਕੀਤੇ ਹਨ, ਜਦੋਂ ਵੀ ਬਾਣੀ ਉਚਾਰਨ ਕਰਦੇ ਸਨ ਤਾਂ ਕਹਿੰਦੇ ਸਨ ਮਰਦਾਨਿਆਂ! ਰਬਾਬ ਵਜਾ, ਬਾਣੀ ਆਈ ਹੈ। ਇਹ ਨਹੀਂ ਕਹਿੰਦੇ ਸਨ ਕਿ ਅਸੀਂ ਬਾਣੀ ਉਚਾਰਨ ਕਰਦੇ ਹਾਂ। ਤਿਲੰਗ ਰਾਗ ਵਿੱਚ ਆਪ ਜੀ ਕਹਿੰਦੇ ਹਨ।

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥੧॥੩॥੫॥**
(ਤਿਲੰਗ ਮਹਲਾ ੧, ਪੰਨਾ ੭੨੨)

ਹੇ ਭਾਈ ਲਾਲੋ! ਜੋ ਮੈਂ ਬਚਨ ਕਹਿ ਰਿਹਾ ਹਾਂ। ਮੈਂ ਆਪ ਨਹੀਂ ਕਹਿ ਰਿਹਾ ਹਾਂ। ਜਿਸ ਤਰ੍ਹਾਂ ਮੈਨੂੰ (ਖ਼ਸਮ) ਪ੍ਰਮਾਤਮਾ ਵੱਲੋਂ ਧੁਰੋਂ ਬਾਣੀ ਆਉਂਦੀ ਹੈ, ਜਿਵੇਂ ਪਰਮੇਸ਼ਰ ਹੁਕਮ ਕਰਦਾ ਹੈ। ਉਹੀ ਆਵਾਜ਼ ਮੇਰੇ ਅੰਦਰੋਂ ਆਉਂਦੀ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਕਹਿ ਰਹੇ ਹਨ।

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ**
**ਹਰਿ ਕਰਤਾ ਆਪਿ ਮੁਹਹੁ ਕਢਾਏ॥੨॥੧੪॥**
(ਗਉੜੀ ਕੀ ਵਾਰ ਮਹਲਾ ੪, ਪੰਨਾ ੩੦੮)

ਹੇ ਗੁਰਸਿੱਖੋ! ਸਤਿਗੁਰੂ ਦੀ ਬਾਣੀ ਸਤਿ ਸਤਿ ਕਰਕੇ ਜਾਣੋ ਕਿਉਂਕਿ ਇਸ ਪਾਵਨ ਬਾਣੀ ਨੂੰ ਹਰੀ, ਕਰਤਾ ਆਪ ਗੁਰੂ ਦੇ ਅੰਦਰ ਵੱਸ ਕੇ ਮੁੱਖ ਦੁਆਰਾ ਉਚਾਰਨ ਕਰਵਾ ਰਿਹਾ ਹੈ। ਬਾਣੀ ਪਰਮੇਸ਼ਰ ਦੀ ਹੈ। ਉਚਾਰਨ ਸੱਚੇ ਸਤਿਗੁਰਾਂ ਦੇ ਮੁੱਖ ਤੋਂ ਹੋ ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸੋਰਠਿ ਰਾਗ ਵਿੱਚ ਕਹਿੰਦੇ ਹਨ।




**ਧੁਰ ਕੀ ਬਾਣੀ ਆਈ॥**
**ਤਿਨਿ ਸਗਲੀ ਚਿੰਤ ਮਿਟਾਈ॥੨॥੧੩॥੭੭॥**
(ਸੋਰਠਿ ਮਹਲਾ ੫, ਪੰਨਾ ੬੨੮)

ਇਹ ਪਾਵਨ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਹੈ, ਇਹ ਪਰਮੇਸ਼ਰ ਵੱਲੋਂ ਆਈ ਹੈ। ਇਸ ਬਾਣੀ ਨੂੰ ਨਿਰੰਕਾਰੀ ਬਾਣੀ, ਈਸ਼ਵਰੀ ਬਾਣੀ ਆਖਿਆ ਜਾ ਸਕਦਾ ਹੈ। ਨਾ ਇਹ ਮਨੁੱਖੀ ਬਾਣੀ ਹੈ, ਨਾ ਦੇਵ ਬਾਣੀ ਹੈ। ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਸਮੂਹ ਗੁਰਸਿੱਖ ਸੰਗਤਾਂ ਨੂੰ ਸੱਚੀ ਬਾਣੀ ਦਾ ਕੀਰਤਨ ਕਰਨ ਦਾ ਉਪਦੇਸ਼ ਦ੍ਰਿੜ ਕਰਵਾ ਰਹੇ ਹਨ। ਇਹ ਪਰਮ ਪਵਿੱਤਰ ਅੰਮ੍ਰਿਤ ਰੂਪ ਬਾਣੀ ਹੈ ਤੇ ਉਨ੍ਹਾਂ ਜਿਗਿਆਸੂਆਂ ਗੁਰਮੁਖ ਜੀਵੜਿਆਂ ਦੇ ਹਿਰਦੇ ਵਿੱਚ ਆ ਕੇ ਵੱਸਦੀ ਹੈ। ਜਿਨ੍ਹਾਂ ਤੇ ਪਰਮੇਸ਼ਰ ਦੀ ਬਖ਼ਸ਼ਿਸ਼ ਦੀ ਨਜ਼ਰ ਹੋਵੇ। ਇਹ ਆਤਮਿਕ ਅਨੰਦ ਦੇਣ ਵਾਲੀ ਬਾਣੀ ਹੈ। ਹੇ ਗੁਰਮੁਖ ਜਨੋਂ! ਇਸ ਬਾਣੀ ਦਾ ਪਾਠ ਕਰਨਾ, ਕੀਰਤਨ ਕਰਨਾ ਇਹ ਇਉਂ ਸਮਝੋ ਜਿਵੇਂ ਅੰਮ੍ਰਿਤ ਪੀ ਰਹੇ ਹੋ। ਇਹ ਬਾਣੀ ਅੰਮ੍ਰਿਤ ਰੂਪ ਹੈ।

**ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥**
**ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥੧॥੨੩॥੩੦॥**
(ਮਾਝ ਮਹਲਾ ੫, ਪੰਨਾ ੧੦੩)

ਇਹ ਬਾਣੀ ਇਸ ਲਈ ਅੰਮ੍ਰਿਤ ਹੈ ਕਿ ਇਸ ਵਿੱਚ ਪਰਿਪੂਰਨ ਪ੍ਰਮਾਤਮਾ ਦਾ ਜਸ ਪ੍ਰਮਾਤਮਾ ਦਾ ਨਾ ਹੀ ਉਚਾਰਨ ਕੀਤਾ ਗਿਆ ਹੈ। ਬਾਣੀ ਦੀ ਇੱਕ-ਇੱਕ ਤੁਕ ਵਿੱਚ ਪਰਮੇਸ਼ਰ ਦੀ ਸਿਫ਼ਤ ਹੈ।

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥**
**ਭਗਤ ਜਨਾ ਕੈ ਮਨਿ ਬਿਸ੍ਰਾਮ॥੨॥**
**ਪ੍ਰਭ ਕਾ ਸਿਮਰਨੁ ਸਭ ਤੇ ਊਚਾ॥**
**ਪ੍ਰਭ ਕੈ ਸਿਮਰਨਿ ਉਧਰੇ ਮੂਚਾ॥੪॥੧॥**
(ਗਉੜੀ ਸੁਖਮਨੀ ਮ. ੫, ਪੰਨਾ ੨੬੨-੬੩)

ਹਰ ਤੁਕ ਵਿੱਚ ਉਸ ਦਾ ਨਾਮ ਉਚਾਰਨ ਕੀਤਾ ਜਾ ਰਿਹਾ ਹੈ। ਹੇ ਗੁਰਸਿੱਖੋ! ਇਸ ਅੰਮ੍ਰਿਤਮਈ ਬਾਣੀ ਦੇ ਕੀਰਤਨ ਦੁਆਰਾ ਧਨੁਖਧਾਰੀ ਪ੍ਰਮਾਤਮਾ ਦੇ ਨਾਮ ਦਾ ਜਾਪ ਕਰੋ ਤੇ ਪ੍ਰਮਾਤਮਾ ਦਾ ਨਾਮ ਸਿਮਰਨ ਕਰਕੇ, ਨਾਮ ਅੰਮ੍ਰਿਤ ਪੀ ਕੇ ਸਦਾ ਹੀ ਹਰੀ ਦੇ ਰੰਗ ਵਿੱਚ, ਪ੍ਰਮਾਤਮਾ ਦੇ ਪ੍ਰੇਮ ਰੰਗ ਵਿੱਚ ਮਗਨ ਹੋਏ ਰਹੋਗੇ।

ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਕਹਿੰਦੇ ਹਨ ਕਿ ਇਸ ਬਾਣੀ ਦਾ ਸਦਾ ਕੀਰਤਨ ਕਰੋ ਜੋ ਸਤਿਗੁਰਾਂ ਨੇ ਪਰਮੇਸ਼ਰ ਦੇ ਪਿਆਰ ਵਿੱਚ ਲੀਨ ਹੋ ਕੇ ਉਚਾਰਨ ਕੀਤੀ ਹੈ। ਇਹ ਸੱਚੀ ਬਾਣੀ ਹੈ, ਸੱਚ ਨਾਲ ਜੋੜਦੀ ਹੈ, ਮਨੁੱਖ ਦੇ ਸਚਿਆਰ ਬਣਾਉਂਦੀ ਹੈ, ਇਸ ਬਾਣੀ ਦਾ ਸਦਾ ਕੀਰਤਨ ਕਰੋ। ਜਾਪ ਕਰੋ, ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਸੰਗਤਾਂ ਬਾਣੀ ਦਾ ਹੀ ਪਾਠ ਕਰਿਆ ਕਰਦੀਆਂ ਸਨ। ਸਵੇਰੇ ਨਿੱਤ-ਨੇਮ ਕਰਨਾ, ਸ਼ਾਮ ਨੂੰ ਫਿਰ ਬਾਣੀ ਪੜ੍ਹਨੀ। ਜਦੋਂ ਗੁਰੂ ਮਹਾਰਾਜ ਨੇ ਸੰਗਤਾਂ ਨੂੰ ਇਹ ਗੁਰਮਤਿ ਮਾਰਗ ਦ੍ਰਿੜ ਕਰਾਇਆ ਤਾਂ ਉਸ ਸਮੇਂ ਜੋ ਵਿਦਵਾਨ ਸੱਜਣ ਪ੍ਰਚਾਰਕ ਸਨ। ਉਨ੍ਹਾਂ ਨੇ ਸੋਚਿਆ ਕਿ ਇਹ ਨਵਾਂ ਪੰਥ ਚੱਲ ਪਿਆ ਹੈ। ਗੁਰੂ ਦੀ ਹੀ ਬਾਣੀ ਪੜ੍ਹਦੇ, ਸੁਣਦੇ ਹਨ, ਵੇਦਾਂ ਦੀ ਕਥਾ ਨਹੀਂ ਸੁਣਦੇ। ਜ਼ਿਕਰ ਹੈ ਕਿ ਗੁਰੂ ਅਮਰਦਾਸ ਜੀ ਨੇ ਗੁਰਤਾ-ਗੱਦੀ ਤੇ ਬੈਠਣ ਤੋਂ ਬਾਅਦ ਤੀਰਥ ਯਾਤਰਾ ਸ਼ੁਰੂ ਕੀਤੀ। ਇਸ ਦਾ ਜ਼ਿਕਰ ਸ੍ਰੀ ਗੁਰੂ ਰਾਮਦਾਸ ਜੀ ਨੇ ਤੁਖਾਰੀ ਰਾਗ ਵਿੱਚ ਕੀਤਾ ਹੈ।

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ॥ ੨॥੪॥੧੦॥
(ਤੁਖਾਰੀ ਮਹਲਾ ੪, ਪੰਨਾ ੧੧੧੬)

ਸ੍ਰੀ ਗੁਰੂ ਅਮਰਦਾਸ ਜੀ ਦੇ ਨਾਲ ਬੇਅੰਤ ਸੰਗਤਾਂ ਚੱਲੀਆਂ, ਸਭ ਤੋਂ ਪਹਿਲੇ ਤੀਰਥ ਕੁਰੂਕਸ਼ੇਤਰ ਗਏ।